# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

IITs, NITs ਅਤੇ ਹੋਰ ਕੇਂਦਰੀ ਸਹਾਇਤਾ ਪ੍ਰਾਪਤ ਟੈਕਨੀਕਲ ਇੰਸਟੀਚਿਊਟ ਵਿੱਚ ਦਾਖਲੇ ਲਈ JEE-2013 ਪ੍ਰੀਖਿਆ ਲਈ ਕੌਂਸਲ ਆਫ਼ ਬੋਰਡਜ਼ ਆਫ਼ ਸਕੂਲ ਐਜੂਕੇਸ਼ਨ (COBSE) ਤੋਂ ਪ੍ਰਾਪਤ ਦਿਸ਼ਾ ਨਿਰਦੇਸ਼ ਦੀ ਲੋਅ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਬਾਰ੍ਹਵੀਂ ਪ੍ਰੀਖਿਆ ਪਾਸ ਕਰਨ ਵਾਲੇ ਪ੍ਰੀਖਿਆਰਥੀ, ਆਪਣੀ ਕਾਰਗੁਜਾਰੀ ਵਧਾਉਣ (Improvement of Performance) ਲਈ ਬੋਰਡ ਵੱਲੋਂ ਆਫ਼ਰ ਕੀਤੇ ਜਾਂਦੇ ਸਮੂਹ ਗਰੁੱਪਾਂ ਵਿੱਚੋਂ ਆਪਣੇ ਨਾਲ ਸਬੰਧਤ ਗਰੁੱਪ ਦੇ ਸਮੂਹ ਵਿਸ਼ਿਆਂ (ਗਰੇਡਿੰਗ ਵਾਲੇ ਵਿਸ਼ਿਆਂ ਤੋਂ ਇਲਾਵਾ) ਦੀ ਪ੍ਰੀਖਿਆ ਦੇਣਗੇ। ਇਹ ਫੈਸਲਾ ਅਕਾਦਮਿਕ ਸਾਲ 2013 ਤੋਂ ਲਾਗੂ ਹੋਵੇਗਾ।

ਜਿਹੜੇ ਵਿਦਿਆਰਥੀਆਂ ਨੇ +2 ਪ੍ਰੀਖਿਆ ਸਾਲ 2011 ਅਤੇ 2012 ਵਿੱਚ ਪਾਸ ਕੀਤੀ ਹੈ ਅਤੇ ਕਾਰਗੁਜਾਰੀ ਵਿੱਚ ਸੁਧਾਰ ਕਰਨ ਦੇ ਇੱਛੁਕ ਹਨ, ਉਹ ਆਪਣੀ ਕਾਰਗੁਜਾਰੀ ਵਧਾਉਣ ਲਈ ਸਬੰਧਤ ਗਰੁੱਪ ਦੇ ਸਮੂਹ ਵਿਸ਼ਿਆਂ (ਗਰੇਡਿੰਗ ਵਾਲੇ ਵਿਸ਼ਿਆਂ ਤੋਂ ਇਲਾਵਾ) ਦੀ ਪ੍ਰੀਖਿਆ ਮਾਰਚ-2013 ਵਿੱਚ ਦੇ ਸਕਦੇ ਹਨ। ਪ੍ਰੀਖਿਆ ਸਾਲ-2011 ਵਿੱਚ ਅਪੀਅਰ ਪ੍ਰੀਖਿਆਰਥੀ ਜਿਹੜੇ ਕਾਰਗੁਜਾਰੀ ਵਿੱਚ ਸੁਧਾਰ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਇਹ ਮੌਕਾ ਕੇਵਲ ਇੱਕ ਵਾਰ ਦਿੱਤਾ ਜਾਵੇਗਾ। ਵਿਸਤ੍ਰਿਤ ਜਾਣਕਾਰੀ ਬੋਰਡ ਦੀ ਵੈਬਸਾਇਟ www.pseb.ac.in ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਸਕੱਤਰ